# ਕਵਰੇਜ ਲਈ ਅਪਲਾਈ ਕਰਨ ਵਾਸਤੇ ਪੜਾਅਵਾਰ ਗਾਈਡ

*ਦੇਖਭਾਲਕਰਤਾ ਦੂਜਿਆਂ ਦੀ ਸੰਭਾਲ ਲਈ ਹਰ ਰੋਜ਼ ਹਾਜ਼ਰ ਹੁੰਦੇ ਹਨ, ਅਤੇ ਤੁਸੀਂ ਵੀ ਦੇਖਭਾਲ ਅਤੇ ਸਹਾਇਤਾ ਦੇ ਹੱਕਦਾਰ ਹੋ।*

*ਸਾਡਾ ਮਕਸਦ ਤੁਹਾਡੇ ਲਈ ਵਧੀਆ ਕੁਆਲਿਟੀ ਦੀਆਂ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਸੌਖਾ ਬਣਾਉਣਾ ਹੈ ਤਾਂ ਜੋ ਤੁਸੀਂ ਆਪਣੀ ਸਿਹਤ, ਆਪਣੇ ਪਰਿਵਾਰ ਅਤੇ ਆਪਣੇ ਜ਼ਰੂਰੀ ਕੰਮ ਵੱਲ ਧਿਆਨ ਦੇ ਸਕੋ।*

*ਇਹ ਗਾਈਡ ਤੁਹਾਨੂੰ ਤੁਹਾਡੀ ਕਵਰੇਜ ਦੇ ਆਪਸ਼ਨਾਂ ਅਤੇ ਅਪਲਾਈ ਕਰਨ ਦੇ ਪੜਾਵਾਂ ਬਾਰੇ ਜਾਣਕਾਰੀ ਦੇਵੇਗੀ। ਸਾਨੂੰ ਤੁਹਾਡੀ ਅਤੇ ਤੁਹਾਡੇ ਦੁਆਰਾ ਦਿੱਤੀ ਜਾਂਦੀ ਇਸ ਅਹਿਮ ਦੇਖਭਾਲ ਸੇਵਾ ਦੀ ਮਦਦ ਕਰਨ 'ਤੇ ਮਾਣ ਹੈ।*

*ਆਪਣੀ ਹੈਲਥਕੇਅਰ ਕਵਰੇਜ ਨੂੰ ਰੀਵਿਊ ਕਰਨ ਤੋਂ ਬਾਅਦ, ਆਪਣੇ ਹੋਰ ਦੇਖਭਾਲਕਰਤਾ ਬੈਨਿਫ਼ਿਟਾਂ ਬਾਰੇ ਜਾਣਨ ਲਈ ਸਮਾਂ ਕੱਢੋ। ਟ੍ਰੇਨਿੰਗ ਦੇ ਮੌਕਿਆਂ ਅਤੇ ਰਿਟਾਇਰਮੈਂਟ ਦੇ ਬੈਨਿਫ਼ਿਟਾਂ ਤੋਂ ਲੈ ਕੇ ਮੁਫ਼ਤ ਫਿਸਲਣ-ਰੋਧੀ ਜੁੱਤਿਆਂ ਅਤੇ Carina ਰਾਹੀਂ ਨੌਕਰੀ ਲੱਭਣ ਤੱਕ, ਇਹ ਸਾਰੇ ਬੈਨਿਫ਼ਿਟ ਤੁਹਾਡੀ ਮਦਦ ਲਈ ਬਣਾਏ ਗਏ ਹਨ। ਵਧੇਰੇ ਜਾਣਕਾਰੀ ਲਈ myseiu.be/bg 'ਤੇ ਜਾਓ।*



Merissa Clyde, CEO
SEIU 775 Benefits Group

## 1) ਆਪਣੀ ਕਵਰੇਜ ਬਾਰੇ ਜਾਣੋ

- ○ **ਆਪਣੇ ਕਵਰੇਜ ਆਪਸ਼ਨਾਂ ਨੂੰ ਐਕਸਪਲੋਰ ਕਰੋ ਅਤੇ ਆਪਣੇ ਪਲਾਨ ਦੇ ਵੇਰਵਿਆਂ ਦੀ ਸਮੀਖਿਆ ਕਰੋ** ਤਾਂ ਜੋ ਤੁਸੀਂ ਪ੍ਰਿਸਕ੍ਰਿਪਸ਼ਨਾਂ (ਡਾਕਟਰ ਵੱਲੋਂ ਲਿਖੀਆਂ ਦਵਾਈਆਂ), ਇਲਾਜਾਂ ਅਤੇ ਆਮ ਸੇਵਾਵਾਂ ਲਈ ਤੁਹਾਡੀ ਜੇਬ੍ਹ ਤੋਂ ਹੋਣ ਵਾਲੇ ਖਰਚਿਆਂ ਨੂੰ ਸਮਝ ਸਕੋ।
- ○ ਇਹ ਦੇਖਣ ਲਈ ਕਿ ਕਿ ਤੁਸੀਂ ਯੋਗਤਾ ਪੂਰੀ ਕਰਦੇ ਹੋ ਜਾਂ ਨਹੀਂ, ਪੰਨਾ 5 'ਤੇ **ਆਪਣੇ ਯੋਗਤਾ ਵੇਰਵਿਆਂ ਦੀ ਸਮੀਖਿਆ ਕਰੋ**।
- ○ **ਇੱਕ ਕਵਰੇਜ ਵਿਕਲਪ ਅਤੇ ਡੈਂਟਲ ਪਲਾਨ ਚੁਣੋ।**

## 2) ਅਪਲਾਈ ਕਰਨ ਦੀ ਤਿਆਰੀ ਕਰੋ

- ○ **ਆਪਣੀ ਜਾਣਕਾਰੀ ਇਕੱਠੀ ਕਰੋ।** ਅਪਲਾਈ ਕਰਨ ਵਾਸਤੇ ਤੁਹਾਨੂੰ ਆਪਣੇ ਸੋਸ਼ਲ ਸਿਕਿਓਰਿਟੀ ਨੰਬਰ ਅਤੇ ਐਂਪਲੌਇਅਰ ਦੇ ਨਾਮ ਦੀ ਲੋੜ ਪਵੇਗੀ।
- ○ **Coverage for Kids (ਬੱਚਿਆਂ ਲਈ ਕਵਰੇਜ): ਆਪਣੇ ਨਿਰਭਰ ਵਿਅਕਤੀ ਲਈ ਤਸਦੀਕ ਦਸਤਾਵੇਜ਼ ਇਕੱਠੇ ਕਰੋ।** ਹੋਰ ਜਾਣਕਾਰੀ ਅਤੇ ਹਦਾਇਤਾਂ ਲਈ ਇੱਥੇ ਜਾਓ **myseiu.be/cfk**.

## 3) ਆਪਣਾ ਹੈਲਥ ਬੈਨਿਫ਼ਿਟਸ ਖਾਤਾ ਬਣਾਓ

- ○ **ਖਾਤਾ ਕਿਵੇਂ ਬਣਾਉਣਾ ਹੈ, ਇੱਥੋਂ ਸਿੱਖੋ myseiu.be/hba.** ਤੁਹਾਡਾ ਅਕਾਊਂਟ ਤੁਹਾਡੇ ਹੈਲਥ ਬੈਨਿਫ਼ਿਟ ਪ੍ਰਬੰਧਕ, MagnaCare ਵੱਲੋਂ ਮੈਨੇਜ ਕੀਤਾ ਜਾਂਦਾ ਹੈ। ਇਸ ਸਮੇਂ ਅਕਾਊਂਟ ਅੰਗ੍ਰੇਜ਼ੀ ਵਿੱਚ ਉਪਲਬਧ ਹਨ। ਜੇ ਤੁਹਾਨੂੰ ਮਦਦ ਜਾਂ ਭਾਸ਼ਾ ਵਿੱਚ ਮਦਦ ਚਾਹੀਦੀ ਹੈ, ਤਾਂ 1-877-606-6705 'ਤੇ ਕਾਲ ਕਰੋ।

## 4) ਆਪਣੀ ਐਪਲੀਕੇਸ਼ਨ ਜਮ੍ਹਾਂ ਕਰੋ

- ○ **ਐਪਲੀਕੇਸ਼ਨ ਨੂੰ ਆਖਰੀ ਤਰੀਕ ਤੋਂ** ਪਹਿਲਾਂ **myseiu.be/magnacare** 'ਤੇ ਜਾਂ ਡਾਕ ਰਾਹੀਂ ਪੂਰਾ ਕਰੋ। ਪੰਨਾ 5 'ਤੇ ਹੋਰ ਜਾਣੋ।
- ○ **Coverage for Kids (ਬੱਚਿਆਂ ਲਈ ਕਵਰੇਜ): ਅਪਲਾਈ ਕਰਦੇ ਸਮੇਂ ਨਿਰਭਰ ਵਿਅਕਤੀਆਂ ਲਈ ਤਸਦੀਕ ਦਸਤਾਵੇਜ਼ ਜਮ੍ਹਾਂ ਕਰੋ।** ਆਪਣੇ ਦਸਤਾਵੇਜ਼ ਜਮ੍ਹਾਂ ਕਰਨ ਦਾ ਤਰੀਕਾ ਇੱਥੋਂ ਸਿੱਖੋ **myseiu.be/cfk**.

ਤੁਹਾਨੂੰ 1 ਦਿਨ ਦੇ ਅੰਦਰ ਈਮੇਲ ਦੁਆਰਾ ਐਪਲੀਕੇਸ਼ਨ ਦੀ ਰਸੀਦ ਅਤੇ 30 ਦਿਨਾਂ ਦੇ ਅੰਦਰ ਚਿੱਠੀ ਕਵਰੇਜ ਦੇ ਫ਼ੈਸਲੇ ਵਾਲੀ ਈਮੇਲ ਮਿਲ ਜਾਵੇਗੀ। ਜੇ ਨਹੀਂ ਮਿਲਦੀ ਹੈ, ਤਾਂ 1-877-606-6705 'ਤੇ ਕਾਲ ਕਰੋ।